Australian Government

interaction support assistance maintain relationships safe children neutral supervised visits

# ਨਿਗਰਾਨੀ-ਹੇਠ ਮੁਲਾਕਾਤਾਂ ਅਤੇ ਅਦਲਾ-ਬਦਲੀਆਂ

ਜਦੋਂ ਵੱਖ ਹੋ ਚੁੱਕੇ ਮਾਪਿਆਂ ਵਿੱਚ ਬਹੁਤ ਹੀ ਜ਼ਿਆਦਾ ਝਗੜਾ ਹੁੰਦਾ ਹੈ ਜਾਂ ਹਿੰਸਾ ਬਾਰੇ ਵੀ ਚਿੰਤਾ ਵਿਅਕਤ ਕੀਤੀ ਜਾਂਦੀ ਹੈ, ਉੱਥੇ ਆਸਟ੍ਰੇਲੀਆ ਦੀ ਸਰਕਾਰ ਨੇ ਬਾਲ ਸੰਪਰਕ ਸੇਵਾਵਾਂ ਨੂੰ ਧਨ-ਰਾਸ਼ੀ ਦਿੱਤੀ ਹੈ ਤਾਂ ਕਿ ਇੱਕ ਤੋਂ ਦੂਜੇ ਮਾਂ/ਪਿਓ ਤਕ ਬੱਚਾ ਸੁਰੱਖਿਅਤ ਤਰੀਕੇ ਨਾਲ ਹਵਾਲੇ ਕੀਤਾ ਜਾ ਸਕੇ ਅਤੇ ਨਿਗਰਾਨੀ-ਹੇਠ ਮੁਲਾਕਾਤਾਂ ਕੀਤੀਆਂ ਜਾ ਸਕਣ ਤਾਂਜੋ ਹਰ ਇੱਕ ਮਾਂ-ਪਿਓ ਆਪਣੇ ਬੱਚਿਆਂ ਨਾਲ ਸਮਾਂ ਬਿਤਾ ਸਕਣ।

## ਬਾਲ ਸੰਪਰਕ ਸੇਵਾ ਕੀ ਹੈ?

ਬਾਲ ਸੰਪਰਕ ਸੇਵਾਵਾਂ ਵੱਖ ਹੋ ਚੁੱਕੇ ਪਰਿਵਾਰਾਂ ਵਾਲੇ ਬੱਚਿਆਂ ਦੀ ਉਸ ਮਾਂ-ਪਿਓ ਦੇ ਨਾਲ ਸਬੰਧ ਬਣਾਉਣ ਜਾਂ ਬਣਾ ਕੇ ਰੱਖਣ ਵਿੱਚ ਮਦਦ ਕਰਦੀਆਂ ਹਨ ਜਿਸ ਨਾਲ ਉਹ ਰਹਿੰਦੇ ਨਹੀਂ ਹਨ। ਜਦੋਂ ਪਰਿਵਾਰ ਵੱਖ ਹੋ ਜਾਂਦੇ ਹਨ ਅਤੇ ਬੱਚਿਆਂ ਨੂੰ ਇੱਕ ਮਾਂ-ਪਿਓ ਤੋਂ ਦੂਜੇ ਮਾਂ-ਪਿਓ ਦੇ ਹਵਾਲੇ ਕਰਨਾ ਇੱਕ ਮੁਸ਼ਕਲ ਦੀ ਸਥਿਤੀ ਹੋ ਜਾਂਦੀ ਹੈ, ਤਾਂ ਬਾਲ ਸੰਪਰਕ ਸੇਵਾਵਾਂ ਸੁਰੱਖਿਅਤ ਅਦਲਾ-ਬਦਲੀ ਲਈ ਇੱਕ ਨਿਰਪੱਖ ਸਥਾਨ ਪ੍ਰਦਾਨ ਕਰਦੀਆਂ ਹਨ।

ਲੋੜ ਪੈਣ ਤੇ, ਜਾਂ ਅਦਾਲਤ ਦਾ ਆਦੇਸ਼ ਮਿਲਣ ਤੇ, ਸਰਵਿਸ ਉਸ ਸਮੇਂ ਤੇ ਨਜ਼ਰ ਰੱਖ ਸਕਦੀ ਹੈ ਜੋ ਬੱਚੇ ਮਾਂ-ਪਿਓ ਜਾਂ ਪਰਿਵਾਰ ਦੇ ਹੋਰਨਾਂ ਜੀਆਂ ਨਾਲ ਬਿਤਾਉਂਦੇ ਹਨ। ਕਈ ਵਾਰ ਹਿੰਸਾ ਦੇ ਆਰੋਪਾਂ ਦੇ ਕਾਰਨ ਹੁੰਦਾ ਹੈ। ਕਈ ਵਾਰ ਇਹ ਉਦੋਂ ਹੁੰਦਾ ਹੈ ਜਦੋਂ ਬੱਚੇ ਦੀ ਮਾਂ-ਪਿਓ ਜਾਂ ਪਰਿਵਾਰਕ ਮੈਂਬਰ ਨਾਲ ਦੁਬਾਰਾ ਪਛਾਣ ਕਰਾਈ ਜਾਂਦੀ ਹੈ ਜੇ ਉਨ੍ਹਾਂ ਨੇ ਬਹੁਤ ਥੋੜ੍ਹਾਂ ਸਮਾਂ ਇਕੱਠੇ ਬਿਤਾਇਆ ਹੋਵੇ ਜਾਂ ਕੋਈ ਸਮਾਂ ਇੱਕਠੇ ਨਾ ਬਿਤਾਇਆ ਹੋਵੇ।

## ਨਿਗਰਾਨੀ-ਹੇਠ ਮੁਲਾਕਾਤ ਕੀ ਹੈ?

ਜਦੋਂ ਬੱਚੇ ਨੂੰ ਇੱਕ ਸੁਰੱਖਿਅਤ, ਨਿਯੰਤ੍ਰਿਤ ਸਥਿਤੀ ਵਿੱਚ ਰੱਖਣ ਦੀ ਲੋੜ ਹੁੰਦੀ ਹੈ ਜਿਸ ਵਿੱਚ ਦੂਜੇ ਮਾਂ-ਪਿਓ ਜਾਂ ਪਰਿਵਾਰ ਦੇ ਮੈਂਬਰ ਨਾਲ ਉਹ ਸਮਾਂ ਬਿਤਾਉਂਦਾ ਹੈ, ਤਾਂ ਇਸ ਮੁਲਾਕਾਤ ਦੀ ਨਿਗਰਾਨੀ ਬਾਲ ਸੰਪਰਕ ਸੇਵਾ ਦੇ ਕਰਮਚਾਰੀ ਦੁਆਰਾ ਕੀਤੀ ਜਾ ਸਕਦੀ ਹੈ।

## ਨਿਗਰਾਨੀ-ਹੇਠ ਅਦਲਾ-ਬਦਲੀ ਕੀ ਹੈ?

ਵੱਖ ਹੋ ਚੁੱਕੇ ਪਰਿਵਾਰਾਂ ਵਿੱਚ ਅਜਿਹਾ ਸਮਾਂ ਆ ਸਕਦਾ ਹੈ ਜਦੋਂ ਬੱਚੇ ਨੂੰ ਉਸ ਮਾਂ-ਪਿਓ ਜਾਂ ਦੂਜੇ ਪਰਿਵਾਰਕ ਮੈਂਬਰ ਦੇ 'ਹਵਾਲੇ ਕਰਨ' ਅਤੇ 'ਵਾਪਸ ਸੌਂਪਣ' ਦੀ ਲੋੜ ਪੈਂਦੀ ਹੈ ਜੋ ਉਨ੍ਹਾਂ ਦੀ ਰੋਜ਼ਾਨਾ ਦੇਖਭਾਲ ਨਹੀਂ ਕਰਦੇ ਹਨ। ਉਹ ਮਾਮਲੇ ਜਿਨ੍ਹਾਂ ਵਿੱਚ ਦੋਵੇਂ ਮਾਪੇ ਆਮ੍ਹਣੇ-ਸਾਮ੍ਹਣੇ ਮਿਲਣ ਵਿੱਚ ਸੁਖਾਵਾਂ ਮਹਿਸੂਸ ਨਹੀਂ ਕਰਦੇ, ਤਾਂ ਬਾਲ ਸੰਪਰਕ ਸੇਵਾ ਦੇ ਕਰਮਚਾਰੀ ਇਸ ਅਦਲਾ-ਬਦਲੀ ਦੀ ਵਿਵਸਥਾ ਕਰਣਗੇ ਜਾਂ ਨਿਗਰਾਨੀ ਕਰਣਗੇ।

## ਅਦਾਲਤਾਂ ਅਤੇ ਬਾਲ ਸੰਪਰਕ ਸੇਵਾਵਾਂ

ਜੇ ਤੁਸੀਂ ਆਪਣੇ ਬੱਚੇ ਬਾਰੇ ਫੈਸਲਾ ਲੈਣ ਲਈ ਅਦਾਲਤ ਜਾਣ ਦਾ ਨਿਰਣਾ ਕਰਦੇ ਹੋ, ਤਾਂ ਅਦਾਲਤ ਤੁਹਾਨੂੰ ਨਿਗਰਾਨੀ-ਹੇਠ ਅਦਲਾ-ਬਦਲੀਆਂ ਵਿੱਚ ਭਾਗ ਲੈਣ ਦਾ ਆਦੇਸ਼ ਦੇ ਸਕਦੀ ਹੈ , ਜਾਂ ਜੋ ਸਮਾਂ ਮਾਂ-ਪਿਓ ਜਾਂ ਪਰਿਵਾਰ ਦਾ ਕੋਈ ਹੋਰ ਮੈਂਬਰ ਬੱਚੇ ਨਾਲ ਬਿਤਾਉਂਦਾ ਹੈ, ਉਸਦੀ ਇੱਕ ਖਾਸ ਬਾਲ ਸੰਪਰਕ ਸੇਵਾ ਵਿਖੇ ਨਿਗਰਾਨੀ ਕੀਤੇ ਜਾਣ ਦਾ ਆਦੇਸ਼ ਦੇ ਸਕਦੀ ਹੈ।

ਜੇ ਤੁਹਾਨੂੰ ਅਦਾਲਤ ਦੁਆਰਾ ਬਾਲ ਸੰਪਰਕ ਸੇਵਾ ਤੇ ਜਾਣ ਦਾ ਆਦੇਸ਼ ਮਿਲਿਆ ਹੈ, ਤਾਂ ਸਰਵਿਸ ਇਸ ਆਦੇਸ਼ ਦੀ ਪਾਲਣਾ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ ਆਪਣੀ ਵਧ ਤੋਂ ਵਧ ਮੁਮਕਿਨ ਕੋਸ਼ਿਸ਼ ਕਰੇਗੀ, ਜੇ ਤੁਸੀਂ ਅਤੇ ਤੁਹਾਡੇ ਬੱਚੇ ਦਾ ਦੂਜਾ ਮਾਂ-ਪਿਓ ਇਸ ਮਾਨਦੰਡ ਨੂੰ ਪੂਰਾ ਕਰਦੇ ਹੋ, ਅਤੇ ਇਸ ਕੋਲ ਢੁਕਵੀਆਂ ਸੁਵਿਧਾਵਾਂ ਅਤੇ ਸਰੋਤ ਉਪਲਬਧ ਹਨ। ਬਾਲ ਸੰਪਰਕ ਸੇਵਾ ਤੇ ਅਦਾਲਤ ਦੇ ਆਦੇਸ਼ ਦੀ ਕੋਈ ਬੰਦਸ਼ ਨਹੀਂ ਹੈ।

ਅਦਾਲਤੀ ਆਦੇਸ਼ ਦੀ ਤਾਰੀਖ ਪੁੱਗ ਜਾਣ ਤੇ ਤੁਸੀਂ ਵਾਪਸ ਅਦਾਲਤ ਜਾ ਸਕਦੇ ਹੋ, ਜੇ ਬਾਲ ਸੰਪਰਕ ਸੇਵਾ ਆਪਣੀਆਂ ਸੇਵਾਵਾਂ ਨੂੰ ਪ੍ਰਦਾਨ ਕਰਨਾ ਜਾਰੀ ਨਹੀਂ ਰੱਖ ਪਾਂਦੀਆਂ ਹਨ, ਜਾਂ ਜੇ ਇਹ ਸਰਵਿਸ ਤੁਹਾਨੂੰ ਅਤੇ ਦੂਜੇ ਮਾਂ-ਪਿਓ ਨੂੰ ਲਿਖਤੀ ਰੂਪ ਵਿੱਚ ਆਦੇਸ਼ ਦੀ ਫੇਰਬਦਲ ਕਰਨ ਦੀ ਸਲਾਹ ਦਿੰਦੀ ਹੈ। ਜੇ ਤੁਸੀਂ ਅਤੇ ਦੂਜਾ ਮਾਂ-ਪਿਓ ਤੁਹਾਡੇ ਬੱਚੇ ਦੇ ਨਾਲ ਸਮਾਂ ਬਿਤਾਉਣ ਲਈ ਨਵੇਂ ਪ੍ਰਬੰਧਾਂ ਲਈ ਲਿਖਤੀ ਰੂਪ ਵਿੱਚ ਸਹਿਮਤ ਹੁੰਦੇ ਹੋ, ਤਾਂ ਤੁਹਾਨੂੰ ਸਹਿਮਤੀ ਆਦੇਸ਼ ਦਿੱਤੇ ਜਾਣ ਲਈ ਵਾਪਸ ਅਦਾਲਤ ਜਾਣਾ ਪੈ ਸਕਦਾ ਹੈ। ਅਦਾਲਤ ਸਿਰਫ ਉਦੋਂ ਹੀ ਸਹਿਮਤੀ ਆਦੇਸ਼ ਦਵੇਗੀ ਜੇ ਅਜਿਹਾ ਕਰਨਾ ਬੱਚੇ ਦੇ ਸਭ ਤੋਂ ਵਧੀਆ ਹਿੱਤ ਵਿੱਚ ਹੋਵੇਗਾ।

ਬਾਲ ਸੰਪਰਕ ਸੇਵਾ ਸਲਾਹ ਦੇ ਸਕਦੀ ਹੈ ਕਿ ਤੁਸੀਂ ਜਾਂ ਦੂਜਾ ਮਾਂ-ਪਿਓ ਪੋਸਟ ਸੈਪਰੇਸ਼ਨ ਪੇਰਨਟਿੰਗ ਪ੍ਰੋਗਰਾਮ ਵਿੱਚ ਭਾਗ ਲਓ। ਅਦਾਲਤ ਕਨੂੰਨੀ ਕਾਰਵਾਈ ਦੇ ਦੌਰਾਨ ਕਿਸੇ ਵੀ ਸਮੇਂ ਦੂਜੇ ਪ੍ਰੋਗਰਾਮਾਂ ਤੇ ਜਾਣ ਦਾ ਆਦੇਸ਼ ਦੇ ਸਕਦੀ ਹੈ ਤਾਂਕਿ ਉਨ੍ਹਾਂ ਮੁੱਦਿਆਂ ਨੂੰ ਹੱਲ ਕੀਤਾ ਜਾਵੇ ਜੋ ਆਪਣੇ ਬੱਚੇ ਨਾਲ ਸਮਾਂ ਬਿਤਾਉਣ ਲਈ ਹਰੇਕ ਮਾਂ-ਪਿਓ ਦੇ ਰਸਤੇ ਵਿੱਚ ਰੁਕਾਵਟ ਪਾਉਂਦੇ ਹਨ।

ਅਦਾਲਤ, ਬਾਲ ਸੰਪਰਕ ਸੇਵਾ ਤੋਂ ਰਿਪੋਰਟ ਦਾ ਆਦੇਸ਼ ਦੇ ਸਕਦੀ ਹੈ। ਰਿਪੋਰਟਾਂ ਅਦਾਲਤ ਨੂੰ ਸਰਵਿਸ ਕੇਂਦਰ ਵਿਖੇ ਬੱਚੇ ਨਾਲ ਬਿਤਾਏ ਗਏ ਸਮੇਂ ਬਾਰੇ ਜਾਣਕਾਰੀ ਪ੍ਰਦਾਨ ਕਰ ਸਕਦੀਆਂ ਹਨ ਅਤੇ ਅਦਾਲਤ ਦੀ ਇਹ ਪਤਾ ਲਗਾਉਣ ਵਿੱਚ ਮਦਦ ਕਰ ਸਕਦੀਆਂ ਹਨ ਕਿ ਨਿਗਰਾਨੀ-ਰਹਿਤ ਮੁਲਾਕਾਤਾਂ ਦੀ ਇਜਾਜ਼ਤ ਦਿੱਤੀ ਜਾਵੇ ਜਾਂ ਨਹੀਂ।

## ਨਿਗਰਾਨੀ-ਹੇਠ ਸੰਪਰਕ ਦੌਰਾਨ ਕੀ ਹੁੰਦਾ ਹੈ?

ਇਹ ਮੁਲਾਕਾਤਾਂ ਬੱਚੇ ਲਈ ਇੱਕ ਖੁਸ਼ੀ ਦਾ ਸਮਾਂ ਹੋਣਾ ਚਾਹੀਦਾ ਹੈ। ਬਾਲ ਸੰਪਰਕ ਸੇਵਾ ਕੋਲ ਬੱਚਿਆਂ ਅਤੇ ਮਾਪਿਆਂ ਦੇ ਇਸਤੇਮਾਲ ਲਈ ਬਹੁਤ ਸਾਰੇ ਖਿਡੌਣੇ ਅਤੇ  ਕਿਰਿਆਵਾਂ ਹਨ। ਬਾਲ ਸੰਪਰਕ ਸੇਵਾ ਦੇ ਕਰਮਚਾਰੀ ਹਰ ਸਮੇਂ ਬੱਚੇ ਅਤੇ ਉਸਦੇ ਮਾਂ-ਪਿਓ ਦੇ ਵਿੱਚ ਲਗਾਵ ਨੂੰ ਗੌਰ ਨਾਲ ਦੇਖਣਗੇ।

## ਬਾਲ ਸੰਪਰਕ ਸੇਵਾ ਲਈ ਕੌਣ ਜਾ ਸਕਦਾ ਹੈ?

ਵੱਖ ਹੋ ਚੁੱਕੇ ਪਰਿਵਾਰਾਂ ਦੀ ਬਾਲ ਸੰਪਰਕ ਸੇਵਾ ਦੁਆਰਾ ਮਦਦ ਕੀਤੀ ਜਾ ਸਕਦੀ ਹੈ। ਤੁਸੀਂ ਬਾਲ ਸੰਪਰਕ ਸੇਵਾ ਦਾ ਇਸਤੇਮਾਲ ਕਰ ਸਕਦੇ ਹੋ ਭਾਵੇਂ ਤੁਸੀਂ ਆਪਣੇ ਬੱਚੇ ਦੇ ਦੂਜੇ ਮਾਂ-ਪਿਓ ਨਾਲ ਵਿਆਹੇ ਹੋ ਜਾਂ ਨਹੀਂ ਜਾਂ ਉਸਨਾਲ ਰਹਿੰਦੇ ਹੋ ਜਾਂ ਨਹੀਂ।

## ਮੈਂ ਬਾਲ ਸੰਪਰਕ ਸੇਵਾ ਦਾ ਇਸਤੇਮਾਲ ਕਦੋਂ ਕਰਾਂ?

ਤੁਸੀਂ ਆਪਣੀ ਇੱਛਾ ਨਾਲ ਬਾਲ ਸੰਪਰਕ ਸੇਵਾ ਦਾ ਇਸਤੇਮਾਲ ਕਰ ਸਕਦੇ ਹੋ ਜਾਂ ਇਸ ਕਾਰਨ ਕਰ ਸਕਦੇ ਹੋ ਕਿਉਂਕਿ ਤੁਹਾਨੂੰ ਇਸ ਸੇਵਾ ਦਾ ਇਸਤੇਮਾਲ ਕਰਨ ਦਾ ਆਦੇਸ਼ ਅਦਾਲਤ ਦੁਆਰਾ ਦਿੱਤਾ ਗਿਆ ਹੈ। ਅਦਾਲਤ ਆਦੇਸ਼ ਦੇ ਸਕਦੀ ਹੈ ਕਿ ਬੱਚਿਆਂ ਨੂੰ ਉਨ੍ਹਾਂ ਦੇ ਹਵਾਲੇ ਕਰਨ, ਜਾਂ ਬੱਚਿਆਂ ਦੁਆਰਾ ਆਪਣੇ ਮਾਂ-ਪਿਓ ਜਾਂ ਪਰਿਵਾਰ ਦੇ ਕਿਸੇ ਹੋਰ ਮੈਂਬਰ ਨਾਲ ਬਿਤਾਏ ਜਾਂਦੇ ਸਮੇਂ ਦਾ ਨਿਗਰਾਨੀ ਕੀਤੀ ਜਾਵੇ।

## ਬਾਲ ਸੰਪਰਕ ਸੇਵਾ ਮੈਨੂੰ ਕਿਹੜੀ ਜਾਣਕਾਰੀ ਪ੍ਰਦਾਨ ਕਰੇਗੀ?

ਬਾਲ ਸੰਪਰਕ ਸੇਵਾ, ਇਸ ਸਰਵਿਸ ਨੂੰ ਇਸਤੇਮਾਲ ਕਰਨ ਲਈ ਸੁਰੱਖਿਆ ਨਿਯਮਾਂ ਬਾਰੇ ਦੱਸੇਗੀ ਅਤੇ ਇਹ ਤੁਹਾਡੀ ਮਦਦ ਲਈ ਉਪਲਬਧ ਹੋਰਨਾਂ ਸੇਵਾਵਾਂ ਬਾਰੇ ਦੱਸ ਸਕਦੀ ਹੈ।

## ਮੈਨੂੰ ਆਪਣੇ ਬੱਚੇ ਨੂੰ ਨਿਗਰਾਨੀ-ਹੇਠ ਸੰਪਰਕ ਬਾਰੇ ਕੀ ਦੱਸਣਾ ਚਾਹੀਦਾ ਹੈ?

ਆਪਣੇ ਬੱਚੇ ਨਾਲ ਸਰਲ ਸੌਖੇ ਸ਼ਬਦਾਂ ਵਿੱਚ ਗੱਲ ਕਰੋ। ਉਨ੍ਹਾਂ ਨੂੰ ਦੱਸੋ ਕਿ ਉਹ ਆਪਣੇ ਦੂਜੇ ਮਾਂ-ਪਿਓ ਜਾਂ ਪਰਿਵਾਰ ਦੇ ਮੈਂਬਰ ਨਾਲ ਕਿੱਥੇ ਮਿਲਣਗੇ ਜਾਂ ਸਮਾਂ ਬਿਤਾਉਣਗੇ। ਉਸ ਜਗ੍ਹਾ ਨੂੰ ਇੱਕ ਸੁਰੱਖਿਅਤ ਅਤੇ ਦੋਸਤਾਨਾ ਸਥਾਨ ਦੇ ਰੂਪ ਵਿੱਚ ਦੱਸੋ। ਨਿਗਰਾਨੀ-ਹੇਠ ਮੁਲਾਕਾਤਾਂ ਜਾਂ ਅਦਲਾ-ਬਦਲੀਆਂ ਦੇ ਸ਼ੁਰੂ ਹੋਣ ਤੋਂ ਪਹਿਲਾਂ ਮੁਲਾਕਾਤ ਕਰਨ ਲਈ ਉਨ੍ਹਾਂ ਨੂੰ ਬਾਲ ਸੰਪਰਕ ਸੇਵਾ ਤੇ ਲੈ ਜਾਓ। ਯਕੀਨੀ ਬਣਾਓ ਕਿ ਬੱਚਾ ਜਾਣਦਾ ਹੈ ਕਿ ਉਹ ਕਿਸਨੂੰ ਮਿਲਣ ਜਾ ਰਿਹਾ ਹੈ ਅਤੇ ਕਿੰਨੀ ਦੇਰ ਤਕ ਅਤੇ ਮੁਲਾਕਾਤ ਤੋਂ ਬਾਅਦ ਉਸਨੂੰ ਘਰ ਲੈ ਕੇ ਜਾਣ ਲਈ ਕੌਣ ਲੈਣ ਆਵੇਗਾ।

## ਮਾਂ-ਪਿਓ ਦੇ ਆਪਣੇ ਬੱਚੇ ਨਾਲ ਬਿਤਾਏ ਜਾਂਦੇ ਸਮੇਂ ਦੀ ਕਿੰਨੀ ਦੇਰ ਤਕ ਨਿਗਰਾਨੀ ਕਰਨੀ ਜ਼ਰੂਰੀ ਹੁੰਦੀ ਹੈ?

ਅਕਸਰ ਮਾਂ-ਪਿਓ ਅਤੇ ਬੱਚੇ ਵਿੱਚ ਰਿਸ਼ਤਾ ਸੁਧਰ ਜਾਂਦਾ ਹੈ ਇਸਲਈ ਨਿਗਰਾਨੀ ਦੀ ਜ਼ਿਆਦਾ ਦੇਰ ਤਕ ਲੋੜ ਨਹੀਂ ਹੁੰਦੀ। ਕਈ ਵਾਰ ਨਿਗਰਾਨੀ ਦੀ ਅਵਧੀ ਵਧਾਈ ਜਾਂਦੀ ਹੈ। ਜੇ ਅਦਾਲਤ ਦੁਆਰਾ ਨਿਗਰਾਨੀ-ਹੇਠ ਮੁਲਾਕਾਤਾਂ ਜਾਂ ਅਦਲਾ-ਬਦਲੀਆਂ ਦਾ ਆਦੇਸ਼ ਦਿੱਤਾ ਜਾਂਦਾ ਹੈ, ਤਾਂ ਇਹ ਅਦਾਲਤ ਦੁਆਰਾ ਅਗਲਾ ਫੈਸਲਾ ਸੁਣਾਏ ਜਾਣ ਤਕ ਜਾਰੀ ਰਹੇਗਾ।

## ਜੇ ਤੁਸੀਂ ਅਸੁਰੱਖਿਅਤ ਮਹਿਸੂਸ ਕਰ ਰਹੇ ਹੋ ਤਾਂ ਕੀ ਕਰਨਾ ਚਾਹੀਦਾ ਹੈ?

ਬਾਲ ਸੰਪਰਕ ਸੇਵਾਵਾਂ ਨੇ ਗਾਹਕਾਂ ਅਤੇ ਕਰਮਚਾਰੀਆਂ ਦੀ ਸੁਰੱਖਿਆ ਲਈ ਇੰਤਜ਼ਾਮ ਕੀਤੇ ਹੋਏ ਹਨ। ਜੇ ਤੁਸੀਂ ਆਪਣੀ ਜਾਂ ਆਪਣੇ ਬੱਚਿਆਂ ਦੀ ਸੁਰੱਖਿਆ ਨੂੰ ਲੈ ਕੇ ਫਿਕਰਮੰਦ ਹੋ, ਤਾਂ ਤੁਹਾਨੂੰ ਛੇਤੀ ਤੋਂ ਛੇਤੀ ਸਰਵਿਸ ਸਟਾਫ ਨੂੰ ਇਸ ਬਾਰੇ ਖ਼ਬਰ ਕਰਨੀ ਚਾਹੀਦੀ ਹੈ।

## ਕੀ ਮੇਰਾ ਬੱਚਾ ਸੁਰੱਖਿਅਤ ਹੋਵੇਗਾ?

ਜੇ ਤੁਸੀਂ ਇਨ੍ਹਾਂ ਮੁਲਾਕਾਤਾਂ ਦੇ ਦੌਰਾਨ ਆਪਣੇ ਬੱਚੇ ਦੀ ਸੁਰੱਖਿਆ ਨੂੰ ਲੈ ਕੇ ਫਿਕਰਮੰਦ ਹੁੰਦੇ ਹੋ, ਤਾਂ ਇਸਦੀ ਚਰਚਾ ਪਹਿਲੀ ਮੁਲਾਕਾਤਾ ਤੋਂ ਪਹਿਲਾਂ ਬਾਲ ਸੰਪਰਕ ਸੇਵਾ ਨਾਲ ਕਰੋ।

## ਜੋ ਮੈਂ ਬਾਲ ਸੰਪਰਕ ਸੇਵਾ ਵਿਖੇ ਕਹਿੰਦਾ ਹਾਂ, ਕਿ ਉਹ ਗੁਪਤ ਰੱਖਿਆ ਜਾਂਦਾ ਹੈ?

ਨਹੀਂ, ਬਾਲ ਸੰਪਰਕ ਸੇਵਾ ਵਿਖੇ ਕਹੀ ਗਈ ਕੋਈ ਗਲ ਜਾਂ ਕੀਤਾ ਗਿਆ ਕੁਝ ਵੀ ਕੰਮ ਕਿਸੇ ਅਦਾਲਤ ਨੂੰ ਸਬੂਤ ਦੇ ਤੌਰ ਤੇ ਪੇਸ਼ ਕੀਤਾ ਜਾ ਸਕਦਾ ਹੈ। ਬਾਲ ਸੰਪਰਕ ਸੇਵਾਵਾਂ ਇਸ ਬਾਰੇ ਤੁਹਾਨੂੰ, ਅਦਾਲਤ ਨੂੰ, ਤੁਹਾਡੇ ਵਕੀਲ ਨੂੰ ਜਾਂ ਨਿਰਪੱਖ ਵਕੀਲ, ਜਿਸਨੂੰ ਤੁਹਾਡੇ ਬੱਚੇ ਦਾ ਪ੍ਰਤੀਨਿਧਤਵ ਕਰਨ ਵਾਸਤੇ ਨਿਯੁਕਤ ਕੀਤਾ ਗਿਆ ਹੈ, ਰਿਪੋਰਟਾਂ ਪ੍ਰਦਾਨ ਕਰਦੀਆਂ ਹਨ ਕਿ ਕਰਮਚਾਰੀਆਂ ਨੇ ਨਿਗਰਾਨੀ-ਹੇਠ ਮੁਲਾਕਾਤ ਜਾਂ ਅਦਲਾ-ਬਦਲੀਆਂ ਦੌਰਾਨ ਕੀ ਦੇਖਿਆ ਹੈ।

## ਕੀ ਇਹ ਨਿਗਰਾਨੀ ਨਿਰਪੱਖ ਹੋਵੇਗੀ?

ਬਾਲ ਸੰਪਰਕ ਸੇਵਾ ਦੇ ਕਰਮਚਾਰੀ ਕਿਸੇ ਦਾ ਪੱਖ ਨਹੀਂ ਲੈਂਦੇ। ਉਨ੍ਹਾਂ ਦੀ ਤਵੱਜੋ ਬੱਚੇ ਤੇ ਹੁੰਦੀ ਹੈ, ਨਾ ਕਿ ਝਗੜੇ ਤੇ ਜੋ ਮਾਪਿਆਂ ਜਾਂ ਦੂਜੇ ਪਰਿਵਾਰਕ ਜੀਆਂ ਵਿੱਚ ਹੋ ਸਕਦਾ ਹੈ।

## ਇਸਦਾ ਕਿੰਨਾ ਖਰਚਾ ਆਵੇਗਾ?

ਬਾਲ ਸੰਪਰਕ ਸੇਵਾਵਾਂ ਨਿਗਰਾਨੀ-ਹੇਠ ਮੁਲਾਕਾਤਾਂ ਅਤੇ ਅਦਲਾ-ਬਦਲੀਆਂ ਲਈ ਫੀਸ ਵਸੂਲੇਗੀ। ਸਰਵਿਸ ਨੂੰ ਦੱਸੋ ਜੇ ਤੁਹਾਡੀ ਆਮਦਨੀ ਘੱਟ ਹੈ ਜਾਂ ਤੁਸੀਂ ਆਰਥਿਕ ਮੁਸ਼ਕਲਾਂ ਨਾਲ ਜੂਝ ਰਹੇ ਹੋ ਕਿਉਂਕਿ ਸਰਵਿਸ ਨੇ ਇਹ ਯਕੀਨੀ ਬਣਾਉਣ ਲਈ ਪ੍ਰਬੰਧ ਕੀਤੇ ਹਨ ਤਾਕਿ ਤੁਸੀਂ ਸਰਵਿਸ ਤੇ ਪਹੁੰਚ ਪ੍ਰਾਪਤ ਕਰ ਸਕੋ।

## ਮੈਂ ਬਾਲ ਸੰਪਰਕ ਸੇਵਾ ਨਾਲ ਸੰਪਰਕ ਕਿਵੇਂ ਕਰਾਂ?

ਇਨ੍ਹਾਂ ਸੇਵਾਵਾਂ ਬਾਰੇ ਵਧੇਰੇ ਜਾਣਕਾਰੀ ਲਈ ਅਤੇ ਸੰਪਰਕ ਵੇਰਵਿਆਂ ਲਈ, ਫੈਮਿਲੀ ਰਿਲੇਸ਼ਨਸ਼ਿਪ ਐਡਵਾਈਸ ਲਾਈਨ ਨੂੰ **1800 050 321** ਤੇ **ਸੋਮਵਾਰ ਤੋਂ ਸ਼ੁੱਕਵਾਰ ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤਕ** ਅਤੇ **ਸ਼ਨੀਵਾਰ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤਕ** (ਨੈਸ਼ਨਲ ਪਬਲਿਕ ਛੁੱਟੀਆਂ ਨੂੰ ਛੱਡ ਕੇ) ਕਾਲ ਕਰੋ।

ਤੁਸੀਂ ਫੈਮਿਲੀ ਰਿਲੇਸ਼ਨਸ਼ਿਪਸ ਆਨਲਾਈਨ ਦੀ ਵੈੱਵ-ਸਾਈਟ ਤੇ ਵੀ ਜਾ ਸਕਦੇ ਹੋ www.familyrelationships.gov.au